D:\Amritsar\General.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

ਸੇਵਾ ਵਿਖੇ

ਮੁੱਖ ਇੰਜੀਨੀਅਰ (ਪੱਛਮ),
ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ,
ਅੰਮ੍ਰਿਤਸਰ।

ਨੰ:- ਪਵਸਸਬ-2018/ਵ-2/ 17224 ਮਿਤੀ:- 21/9/18

ਵਿਸਾ:- **ਮੇਨ ਸੁਲਤਾਨਵਿੰਡ ਰੋਡ, ਨਵੀ ਪੁਲਿਸ ਚੋਕੀ (ਨਜਦੀਕ ਸੁਲਤਾਨਵਿੰਡ ਗੇਟ) ਤੋ ਪੁਰਾਣੀ ਪੁਲਿਸ ਚੋਕੀ (ਪਿੰਡ ਸੁਲਤਾਨਵਿੰਡ) ਕੰਕਰੀਟ ਦੀ ਸੜਕ ਬਣਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸ੍ਰੀ ਇੰਦਰਬੀਰ ਸਿੰਘ ਬੁਲਾਰੀਆਂ, ਐਮ.ਐਲ.ਏ. ਹਲਕਾ ਦੱਖਣੀ ਅੰਮ੍ਰਿਤਸਰ ਵਲੋ ਪ੍ਰਾਪਤ ਮਿਤੀ 1.9.2018 ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

[signature] 20/9

ਕਾਰਜਕਾਰੀ ਇੰਜੀਨੀਅਰ (ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

ਇੰਦਰਬੀਰ ਸਿੰਘ ਬੁਲਾਰੀਆ
ਐਮ. ਐਲ. ਏ., ਅੰਮ੍ਰਿਤਸਰ ਦੱਖਣੀ ।
ਗ੍ਰਿਹ: ਬੁਲਾਰੀਆ ਹਾਊਸ, ਝਬਾਲ ਰੋਡ, ਅੰਮ੍ਰਿਤਸਰ ।
(Office) 0183-5009555,

**Inder Bir Singh Bolaria**
M.L.A, Amritsar South
Resi: Bolaria House, Chabaal Road, Amritsa
(M) 9501400111, 981405044

ਨਵੀਂ ਡਾਕ
ਮਿਤੀ 7/9/18
ਇੰਜੀ-ਇਨ-ਚੀਫ
ਡੀ.ਪੀ.ਡੀ./ਸਕੱਤਰ/ਮ.ਪ.ਜ.ਸ./
ਜੀ.ਐਮ (ਐਡ/ਵਿ ਨਿਰਦੇਸ਼)

ਵੱਲ,

ਮੁੱਖ ਇੰਜੀਨੀਅਰ(ਪੱਛਮੀ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਅੰਮ੍ਰਿਤਸਰ।

ਵਿਸ਼ਾ:- ਮੇਨ ਸੁਲਤਾਨਵਿੰਡ ਰੋਡ, ਨਵੀਂ ਪੁਲਿਸ ਚੌਂਕੀ (ਨਜਦੀਕ ਸੁਲਤਾਨਵਿੰਡ ਗੇਟ) ਤੋਂ ਪੁਰਾਣੀ ਪੁਲਿਸ ਚੌਂਕੀ (ਪਿੰਡ ਸੁਲਤਾਨਵਿੰਡ) ਕੰਕਰੀਟ ਦੀ ਸੜਕ ਬਣਾਉਣ ਸਬੰਧੀ।

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਮੁਤਾਬਿਕ ਆਪ ਜੀ ਦੇ ਮਹਿਕਮੇ ਵਲੋਂ ਸਾਊਥ ਈਸਟ ਜੋਨ ਅੰਮ੍ਰਿਤਸਰ ਵਿਖੇ ਵਾਟਰ ਸਪਲਾਈ, ਸੀਵਰੇਜ, ਸਟ੍ਰੀਟ ਲਾਈਟਾਂ ਅਤੇ ਸੜਕਾਂ ਦਾ ਕੰਮ ਪ੍ਰੋਜੈਕਟ ਅਧੀਨ ਕੀਤਾ ਜਾ ਰਿਹਾ ਹੈ, ਪਿੰਡ ਸੁਲਤਾਨਵਿੰਡ ਵਿਚ ਮੇਨ ਸੁਲਤਾਨਵਿੰਡ ਰੋਡ ਤੇ ਸੁਲਤਾਨਵਿੰਡ ਗੇਟ ਤੋਂ ਪੁਰਾਣੀ ਪੁਲਿਸ ਚੌਂਕੀ ਤੱਕ ਮੈਟਲ ਰੋਡ ਬਣਾਈ ਜਾਣੀ ਹੈ ਇਹ ਰੋਡ ਨੀਵੀਂ ਹੋਣ ਕਾਰਣ ਬਰਸਾਤ ਅਤੇ ਨਾਲੀਆਂ ਦਾ ਪਾਣੀ ਇਕੱਠਾ ਹੋ ਜਾਂਦਾ ਹੈ। ਜਿਸ ਕਾਰਣ ਆਪ ਜੀ ਦੇ ਮਹਿਕਮੇ ਵੱਲੋਂ ਬਣਾਈ ਜਾਣ ਵਾਲੀ ਮੈਟਲ ਰੋਡ ਟੁੱਟ ਸਕਦੀ ਹੈ। ਲੋਕਾਂ ਦੇ ਘਰਾਂ ਦੇ **Plinth level** ਸੜਕ ਦੇ ਬਰਾਬਰ ਹੋਣ ਕਾਰਣ ਰੋਡ ਨੂੰ ਉੱਚਾ ਨਹੀਂ ਚੁੱਕਿਆ ਜਾ ਸਕਦਾ ਇਸ ਲਈ ਇਲਾਕੇ ਦੇ ਵਸਨੀਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਸੜਕ ਦਾ ਇਹ ਹਿੱਸਾ ਮੈਟਲ ਰੋਡ ਦੀ ਥਾਂ ਤੇ ਕੰਕਰੀਟ ਰੋਡ ਬਣਾਇਆ ਜਾਵੇ। ਇਸ ਸਬੰਧ ਵਿੱਚ ਮਿਤੀ **14/08/2018** ਨੂੰ ਚੰਡੀਗੜ੍ਹ ਵਿਖੇ ਮਾਣਯੋਗ ਸਥਾਨਕ ਸਰਕਾਰਾਂ ਮੰਤਰੀ ਜੀ ਦੀ ਮੀਟਿੰਗ ਵਿਚ ਵੀ ਇਹ ਮਸਲਾ ਉਹਨਾਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ।

ਧੰਨਵਾਦ ਸਹਿਤ।

11/9/18

ਇੰਦਰਬੀਰ ਸਿੰਘ ਬੁਲਾਰੀਆ,
ਐਮ.ਐਲ.ਏ. ਹਲਕਾ ਦੱਖਣੀ,
ਅੰਮ੍ਰਿਤਸਰ।

ਕਾਪੀ:- ਉਕਤ ਦਾ ਉਤਾਰਾ ਇੰਜਨੀਅਰ ਇੰਨ ਚੀਫ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਭੇਜਿਆ ਜਾਂਦਾ ਹੈ।